# CHOUBOLE BANI IS EXTREME OF LOVE TOWARDS GOD
## (In reference to Guru Arjan Dev Ji's Bani 'Chaubole Mahala 5')

# ਪ੍ਰਭੂ ਪ੍ਰੇਮ ਦਾ ਸਿਖਰ ਹੈ ਚਉਬੋਲੇ ਬਾਣੀ
## (ਗੁਰੂ ਅਰਜਨ ਦੇਵ ਜੀ ਦੀ ਬਾਣੀ 'ਚਉਬੋਲੇ ਮਹਲਾ 5' ਦੇ ਸੰਦਰਭ 'ਚ )

**ਜਸਵਿੰਦਰ ਸਿੰਘ ਰੁਪਾਲ (Jasvinder Singh Rupal)**

162, ਗਲੀ ਨੰਬਰ 3, ਸ਼ਹੀਦ ਜਸਦੇਵ ਸਿੰਘ ਨਗਰ, ਲੁਧਿਆਣਾ (ਪੰਜਾਬ)- 141006

ਮੋਬਾਈਲ : 9814715796, ਈ ਮੇਲ : rupaljs@gmail.com

**ABSTRACT**

*ਗੁਰੂ ਅਰਜਨ ਦੇਵ ਜੀ ਰਚਿਤ ਬਾਣੀ 'ਚਉਬੋਲੇ ਮਹਲਾ 5' ਦੇ ਨਾਂ ਬਾਰੇ ਇਹ ਵਿਚਾਰ ਕਿ ਇਹ ਬਾਣੀ ਗੁਰੂ ਸਾਹਿਬ ਜੀ ਦੇ ਚਾਰ ਸਿਦਕੀ ਸਿੱਖਾਂ- ਸੰਮਨ, ਮੂਸਨ,ਜਮਾਲ ਅਤੇ ਪਤੰਗ ਨੂੰ ਸੰਬੋਧਿਤ ਕੀਤੀ ਗਈ ਹੈ, ਪੂਰਨ ਤੌਰ ਤੇ ਢੁਕਵਾਂ ਨਹੀਂ ਲੱਗਦਾ ਕਿਉਂਕਿ ਸੰਮਨ ਦੇ ਅਰਥ ਦਾਨੀ ਮਨੁੱਖ, ਮੂਸਨ ਦੇ ਲੁੱਟਿਆ ਜਾਣ ਵਾਲ,ਜਮਾਲ ਦੇ ਸੁੰਦਰਤਾ ਓਤੇ ਪਤੰਗ ਦੇ ਪਤੰਗਾ ਜਾਂ ਪਰਵਾਨਾ ਪ੍ਰੋ. ਸਾਹਿਬ ਸਿੰਘ ਜੀ ਨੇ ਕੀਤੇ ਹਨ ਜੋ ਵਧੇਰੇ ਢੁਕਵੇਂ ਲੱਗਦੇ ਹਨ। ਇਸ ਦੋਹਾ ਰੂਪ ਵਿੱਚ ਰਚੀ ਬਾਣੀ ਵੱਚ ਪ੍ਰਭੂ ਦੇ ਪਿਆਰ ਨੂੰ ਦੁਨਿਆਵੀ ਦੌਲਤਾਂ, ਸ਼ੋਹਰਤਾਂ, ਧਾਰਮਿਕ ਕਰਮ-ਕਾਂਢ ਆਦਿ ਸਭ ਨਾਲੋਂ ਉੱਤਮ ਦੱਸਿਆ ਗਿਆ ਹੈ। ਪ੍ਰਭੂ ਦੇ ਚਰਨਾਂ ਨਾਲ ਪਿਆਰ ਕਰਨ ਵਾਲੀ ਆਤਮਾ ਤਾਂ ਉਸ ਵਿੱਚ ਇਸ ਤਰਾਂ ਇੱਕ ਮਿੱਕ ਹੋ ਜਾਂਦੀ ਹੈ ਜਿਵੇਂ ਭੌਰਾ ਫੁੱਲ ਵਿੱਚ ਹੀ ਬੱਝ ਜਾਦਾ ਹੈ । ਉਸ ਪਿਆਰ ਦੇ ਇੱਕ ਖਿਨ ਮਾਤਰ ਤੋਂ ਸਾਰੀ ਦੁਨੀਆਂ ਦੇ ਸਾਰੇ ਸੁੱਖ ਕੁਰਬਾਨ ਕੀਤੇ ਜਾ ਸਕਦੇ ਹਨ।*

**ਕੀਵਰਡ***: ਛੰਦ, ਪ੍ਰੇਮ, ਸੰਮਨ, ਮੂਸਨ, ਕਮਲ, ਭਵਰ, ਜਮਾਲ, ਪਤੰਗ, ਜਪ, ਤਪ, ਸੰਜਮ, ਪ੍ਰੀਤ ।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੰਨਾ 1364 ਤੇ ਦਰਜ ਬਾਣੀ "ਚਉਬੋਲੇ ਮਹਲਾ 5" ਗੁਰੂ ਅਰਜਨ ਦੇਵ ਜੀ ਦੀ ਲਿਖੀ ਹੋਈ ਹੈ ।ਪਹਿਲਾਂ ਇਸ ਬਾਣੀ ਦੇ ਨਾਮ ਤੇ ਵਿਚਾਰ ਕਰ ਲਈਏ ।ਚਉਬੋਲੇ ਸ਼ਬਦ ਦੇ ਮਹਾਨ ਕੋਸ਼ ਦੇ ਪੰਨਾ 450 ਉੱਤੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ 8 ਦੇ ਕਰੀਬ ਅਰਥ ਦੱਸੇ ਹਨ । ਅਸੀਂ ਸਿਰਫ ਕੁਝ ਕੁ ਅਰਥਾਂ 'ਤੇ ਵਿਚਾਰ ਕਰਾਂਗੇ -

1. ਚਉਬੋਲਾ ਇੱਕ ਛੰਦ ਦਾ ਨਾਮ ਹੈ ਜਿਸ ਦਾ ਲੱਛਣ ਹੈ – ਚਾਰ ਚਰਣ, ਪ੍ਰਤਿ ਚਰਣ 15 ਮਾਤਰਾ। ਅੰਤ ਲਘੁ-ਗੁਰੂ । ਇਹ ਚੌਪਈ ਦਾ ਹੀ ਇੱਕ ਰੂਪ ਹੈ ।
2. ਉਹ ਛੰਦ ਵੀ ਚਉਬੋਲਾ ਹੈ, ਜਿਸ ਦੇ ਚੌਥੇ ਪਦ ਦੇ ਆਦਿ ਵਿੱਚ ਸੰਬੋਧਕ ਪਦ ਹੋਵੇ। (ਇਸ ਵਿੱਚ ਸੰਬੋਧਕ ਪਦ ਦੀ ਮਾਤ੍ਰਾ ਗਿਣਤੀ ਤੋਂ ਬਾਹਰ ਹੁੰਦੀ ਹੈ)
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਪ੍ਰੇਮੀਆਂ ਦੇ ਪਰਥਾਇ ਬੋਲ (ਵਚਨ) ਜਿਸ ਬਾਣੀ ਵਿੱਚ ਕਥਨ ਕੀਤੇ ਹੋਣ, ਉਸ ਦੀ ਚਉਬੋਲਾ ਸੰਗਯਾ ਹੈ, ਚਾਹੇ ਛੰਦ ਇਸ ਦਾ ਦੋਹਾ ਹੈ-

"ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰ ਛਾਇ।
ਬੀਧੇ ਬਾਂਧੇ ਕਮਲ ਮਹਿ , ਭਵਰ ਰਹੇ ਲਪਟਾਇ"।

4. ਕਿਸੇ ਕਿਸੇ ਮੱਤ ਵਿੱਚ ਤਾਟੰਕ ਛੰਦ ਦਾ ਨਾਮ ਹੀ ਚਉਬੋਲਾ ਹੈ। (ਤਾਟੰਕ ਵਿੱਚ ਚਾਰ ਚਰਣ, ਪਰਤਿ ਚਰਣ 30 ਮਾਤ੍ਰਾ (16+14) ਹੁੰਦੀਆਂ ਹਨ ।
5. ਅਨੇਕ ਕਵੀਆਂ ਨੇ ਦੋ ਚਰਣਾਂ ਦਾ ਚਉਬੋਲਾ ਛੰਦ ਮੰਨਿਆ ਹੈ। (ਪ੍ਰਤਿ ਚਰਣ 30 ਮਾਤਰਾ ਪਹਿਲਾ ਵਿਸਰਾਮ 16 ਪਰ, ਦੂਜਾ 14 ਪੁਰ ਅੰਤ ਗੁਰੂ ਲਘੂ)

ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਚਉਬੋਲੇ ਦੀ ਗੱਲ ਕਰੀਏ, ਤਾਂ ਭਾਈ ਸਾਹਿਬ ਕਾਹਨ ਸਿੰਘ ਜੀ ਤਾਂ ਇਸ ਦਾ ਨਾਮ ਇਸ ਕਰਕੇ ਚਉਬੋਲਾ ਲਿਿਖਆ ਦੱਸਦੇ ਹਨ ਕਿਉਂਕਿ ਇਸ ਵਿੱਚ ਚਾਰ ਪ੍ਰੇਮੀਆਂ-"ਸੰਮਨ, ਮੂਸਨ, ਜਮਾਲ ਅਤੇ ਪਤੰਗ" ਦਾ ਜਿਕਰ ਆਉਂਦਾ ਹੈ।

ਛੰਦਾਂ ਦੀ ਕਸਵੱਟੀ ਤੇ ਦੇਖਣ ਨਾਲ ਸਪਸਟ ਹੁੰਦਾ ਹੈ ਕਿ ਕਿਸੇ ਵੀ ਬੰਦ ਵਿੱਚ 30 ਮਾਤਰਾਵਾਂ ਨਹੀਂ ਬਣਦੀਆਂ ।ਸਗੋਂ ਦੋਹਾ ਦਾ ਮਾਪਦੰਡ ਪੂਰਾ ਹੁੰਦਾ ਹੈ। (ਕੁੱਲ ਮਾਤਰਾਵਾਂ 24 ਪਹਿਲਾ ਵਿਸਰਾਮ 13 ਤੇ, ਦੂਜਾ 11 ਤੇ ਅੰਤ ਗੁਰੂ ਲਘੂ)। ਪ੍ਰੋ.ਸਾਹਿਬ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚ ਅਰਥ ਕਰਦਿਆਂ ਚਉਬੋਲੇ ਨੂੰ ਇੱਕ ਛੰਦ ਦੀ ਕਿਸਮ ਹੀ ਲਿਖਿਆ ਹੈ ਪਰ ਚਾਰ ਪ੍ਰੇਮੀਆਂ ਦਾ ਬਿਲਕੁਲ ਵੀ ਕਿਤੇ ਜਿਕਰ ਨਹੀਂ ਕੀਤਾ ।

ਬੰਦ-ਪ੍ਰਤਿ-ਬੰਦ ਅਰਥ ਵਿਚਾਰਨ ਤੋ ਪਹਿਲਾਂ ਉਹਨਾਂ ਚਾਰ ਸਿੱਖਾਂ ਬਾਰੇ ਵੀ ਜਾਣ ਲੈਣਾ ਚਾਹੀਦਾ ਹੈ, ਜਿਹਨਾਂ ਦਾ ਜਿਕਰ ਕੀਤੇ ਹੋਣ ਬਾਰੇ ਭਾਈ ਕਾਹਨ ਸਿੰਘ ਜੀ ਨੇ ਕਿਹਾ ਹੈ।

• **ਸੰਮਨ-ਮੂਸਨ** :- ਡਾ.ਰਤਨ ਸਿੰਘ ਜੱਗੀ ਸਿੱਖ ਪੰਥ ਵਿਸ਼ਵਕੋਸ਼ ਵਿੱਚ ਸੰਮਨ ਮੂਸਨ ਦੀ ਲੋਕ-ਕਥਾ ਨੂੰ ਢਾਈ ਹਜਾਰ ਸਾਲ ਪੁਰਾਣੀ ਮੰਨਦੇ ਹਨ ਅਤੇ ਇਸ ਦਾ ਮੁੱਢ ਮਿਸਰ ਵਿੱਚ ਬੱਝਾ ਆਖਦੇ ਹਨ। ਭਾਰਤ ਵਿੱਚ ਇਸ ਕਥਾ ਦਾ ਪ੍ਰਵੇਸ਼ ਵਪਾਰੀਆਂ ਦੇ ਆਉਣ ਨਾਲ ਹੋਇਆ ਅਤੇ ਇੱਥੋਂ ਦੇ ਸਭਿਆਚਾਰ ਅਨੁਸਾਰ ਇਸ ਨੇ ਆਪਣਾ ਰੂਪ ਢਾਲ ਲਿਆ।ਪਹਿਲਾਂ ਇਹ ਕਥਾ, ਕਥਾ-ਸਰਿਤ-ਸਾਗਰ ਵਿੱਚ "ਘਟ" ਅਤੇ "ਕਰਪਰਾ" ਰੂਪ ਵਿੱਚ ਸੋਮਦੇਵ ਨੇ ਚਿਤਰੀ, ਪਰ ਬਾਅਦ ਵਿੱਚ "ਘਟ" ਅਤੇ "ਕਰਪਰਾ" ਨਾਂ ਦੇ ਦੋਹਾਂ ਚੋਰਾਂ ਦੀ ਥਾਂ "ਸੰਮਨ" ਅਤੇ "ਮੂਸਨ" ਦੀ ਕਲਪਨਾ ਕੀਤੀ ਜਾਣ ਲੱਗੀ। ਸੰਸਕ੍ਰਿਤ ਦਾ "ਸੁਮਨਸ" (ਚੰਗੇ ਮਨ ਵਾਲਾ) ਸ਼ਬਦ ਸੰਮਨ ਰੂਪ ਵਿੱਚ ਵਿਕ੍ਰਿਤ ਹੋਇਆ ਅਤੇ "ਮੂਸਨ" (ਚੋਰੀ ਕਰਨਾ) ਸ਼ਬਦ ਦਾ ਅਪਭ੍ਰੰਸ਼ ਰੂਪ ਮੂਸਨ ਬਣਿਆ ।ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਆਪਣੇ ਸਿੱਖਾਂ ਨੂੰ ਸੱਚੀ ਅਤੇ ਨਿਸ਼ਕਾਮ ਭਗਤੀ ਬਾਰੇ ਉਪਦੇਸ਼ ਦੇਣ ਵੇਲੇ ਸੰਮਨ ਅਤੇ ਮੂਸਨ ਦੀ ਸਾਖੀ ਸੁਣਾਇਆ ਕਰਦੇ ਸਨ, ਪਰ ਬਾਅਦ ਵਿੱਚ ਪ੍ਰਚਾਰਕਾਂ ਨੇ ਬਿਨਾਂ

ਕਿਸੇ ਇਤਿਹਾਸਕ ਆਧਾਰ ਦੇ ਇਹਨਾਂ ਦੋਹਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਸਿੱਖ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਚਉਬੋਲੇ ਇਨਾਂ ਨਾਲ ਸੰਬੰਧਿਤ ਦੱਸੇ ਜਾਣ ਲੱਗੇ।ਕਿਉਂਕਿ ਚਉਬੋਲਿਆਂ ਵਿੱਚ ਇਨਾਂ ਦੋਹਾਂ ਦਾ ਨਾਮ-ਉਲੇਖ ਹੋਇਆ ਹੈ ("ਸੰਮਨ ਜਉ ਇਸ ਪ੍ਰੇਮ ਕੀ.." ਅਤੇ "ਮੂਸਨ ਮਸਕਰ ਪ੍ਰੇਮ ਕੀ"...) ਇਥੇ ਹੀ ਬੱਸ ਨਹੀਂ ਪਤੰਗ ਅਤੇ ਜਮਾਲ ਨੂੰ ਵੀ ਦੋ ਫਕੀਰਾਂ ਦੇ ਨਾਵਾਂ ਦੇ ਲਖਾਇਕ ਸਮਝਿਆ।

ਸੰਮਨ ਅਤੇ ਮੂਸਨ ਦੀ ਸਾਖੀ ਇਸ ਤਰਾਂ ਦੱਸੀ ਜਾਂਦੀ ਹੈ ਕਿ ਸ਼ਾਹਬਾਜਪੁਰ (ਜਿਲਾ ਅੰਬਾਲਾ) ਦੇ ਰਹਿਣ ਵਾਲੇ ਸਿੱਖ ਸੰਮਨ ਅਤੇ ਉਸ ਦਾ ਪੁੱਤਰ ਮੂਸਨ ਦੋਵੇਂ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸਿੱਖ ਸਨ ।ਸੰਮਨ ਭਾਣਾ ਮੰਨਣ ਵਿੱਚ ਅਦੁੱਤੀ ਸੀ। ਕਪੂਰ ਦੇਉ ਦੇ ਪੁੱਛਣ ਤੇ ਕਿ ਗੁਰਮੁਖ ਸਿੱਖ ਕਿਹੜਾ ਹੈ, ਸਤਿਗੁਰਾਂ ਨੇ ਸੰਮਨ ਦਾ ਨਾਉ ਦੱਸਿਆ ਸੀ।ਇਹ ਦੋਵੇਂ ਲਾਹੌਰ ਵਿਚ ਮਿਹਨਤ ਮਜਦੂਰੀ ਕਰਕੇ ਜੀਵਨ ਨਿਰਬਾਹ ਕਰਦੇ ਸਨ। ਮਾਇਕ ਤੰਗੀ ਦੇ ਬਾਵਜੂਦ ਗੁਰੂ ਅਰਜਨ ਦੇਵ ਜੀ ਨੂੰ ਭੋਜਨ ਕਰਾਉਣਾ ਚਾਹੁੰਦੇ ਸਨ। ਇਸ ਲਈ ਇਹਨਾਂ ਨੇ ਅਧਿਕ ਉਜਰਤ ਦਿਵਾਉਣ ਵਾਲੀ ਬੁਰਜ ਦੀ ਉਸਾਰੀ ਸੰਬੰਧੀ ਮਜਦੂਰੀ ਕਰਨੀ ਸ਼ੁਰੂ ਕਰ ਦਿੱਤੀ। ਭੋਜਨ ਕਰਾਉਣ ਵਾਲੇ ਨਿਸ਼ਚਿਤ ਦਿਨ ਮੂਸਨ ਪੈੜ ਤੋਂ ਹੇਠਾਂ ਡਿਗ ਕੇ ਮਰ ਗਿਆ। ਸੰਮਨ ਨੇ ਅਡੋਲ ਮਨ ਨਾਲ ਉਸ ਦੀ ਲੋਥ ਘਰ ਦੇ ਇਕ ਕੋਠੇ ਵਿਚ ਬੰਦ ਕਰਕੇ ਗੁਰੂ ਜੀ ਲਈ ਭੋਜਨ ਤਿਆਰ ਕੀਤਾ। ਗੁਰੂ ਜੀ ਆਏ ਅਤੇ ਮੂਸਨ ਬਾਰੇ ਪੁੱਛਿਆ ਸੰਮਨ ਨੇ ਕਿਹਾ ਕਿ ਤੁਸੀਂ ਆਪ ਅੰਤਰਜਾਮੀ ਹੋ। ਮੈਥੋਂ ਕੀ ਪੁੱਛਦੇ ਹੋ। ਗੁਰੂ ਜੀ ਨੇ ਮੂਸਨ ਨੂੰ ਆਵਾਜ ਮਾਰੀ। ਉਹ ਜਿੰਦਾ ਹੋ ਗਿਆ ਅਤੇ ਗੁਰੂ ਜੀ ਦੇ ਸਨਮੁਖ ਆ ਹਾਜਰ ਹੋਇਆ।

ਇਹਨਾਂ ਨਾਲ ਜੁੜੀ ਇੱਕ ਹੋਰ ਸਾਖੀ ਵਿਚ ਗੁਰੂ ਜੀ ਨੂੰ ਭੋਜਨ ਕਰਾਉਣ ਸੰਬੰਧੀ ਸਮਾਨਤਾ ਹੈ, ਪਰ ਭੋਜਨ ਲਈ ਧਨ ਦੀ ਵਿਵਸਥਾ ਕਰਨ ਲਈ ਚੋਰੀ ਕਰਨ ਦਾ ਪ੍ਰਸੰਗ ਹੈ। ਚੋਰੀ ਗਵਾਂਢ ਦੇ ਇਕ ਸ਼ਾਹੂਕਾਰ ਦੇ ਘਰ ਕੀਤੀ ਗਈ ਹੈ।ਮੂਸਨ ਨੇ ਧਨ ਦੀ ਥੈਲੀ ਕੱਢ ਕੇ ਸੰਮਨ ਨੂੰ ਦੇ ਦਿੱਤੀ ਪਰ ਆਪ ਸੰਨ੍ਹ ਲਈ ਕੀਤੇ ਮਘੋਰੇ ਵਿਚ ਫਸ ਗਿਆ। ਪਕੜੇ ਜਾਣ ਤੇ ਹੋਣ ਵਾਲੀ ਨਮੋਸ਼ੀ ਤੋਂ ਡਰਦਿਆਂ ਆਪਣੇ ਪਿਤਾ ਨੂੰ ਸਿਰ ਵੱਢ ਕੇ ਲੈ ਜਾਣ ਲਈ ਕਿਹਾ।ਉਹ ਸਿਰ ਵੱਢ ਕੇ ਲੈ ਗਿਆ। ਸਵੇਰੇ ਆਨੇ ਬਹਾਨੇ ਧੜ ਵੀ ਲੈ ਗਿਆ ਅਤੇ ਸਿਰ ਅਤੇ ਧੜ ਨੂੰ ਇਕੱਠਾ ਕੋਠੇ ਵਿਚ ਰੱਖ ਦਿੱਤਾ॥ ਜਦੋਂ ਗੁਰੂ ਜੀ ਭੋਜਨ ਕਰਨ ਆਏ, ਤਾਂ ਪਹਿਲੀ ਸਾਖੀ ਵਾਂਗ ਹੀ ਉਹਨਾਂ ਨੇ ਆਵਾਜ ਮਾਰ ਕੇ ਮੂਸਨ ਨੂੰ ਜਿਉਂਦਾ ਕਰ ਦਿੱਤਾ। ਇਸ ਦੀਆਂ ਮੁੱਖ ਰੂੜ੍ਹੀਆਂ ਮਿਸਰ ਦੀ "ਰੈਂਪਸਿਨੀਤਸ" ਦੀ ਲੋਕ-ਕਥਾ ਅਤੇ ਯੂਨਾਨ ਦੀ "ਆਗਮੇਦਜ-ਟਰੋਫੋਨੀਅਸ" ਦੀ ਲੋਕ-ਕਥਾ ਨਾਲ ਦੂਰ ਦੀ ਸਮਾਨਤਾ ਰੱਖਦੀਆਂ ਹਨ।

ਇਸ ਸਾਖੀ ਤੇ ਗੰਭੀਰਤਾ ਨਾਲ ਗੁਰਮਤਿ ਦੀ ਕਸਵੱਟੀ ਲਗਾ ਕੇ ਵਿਚਾਰ ਕਰੀਏ ਤਾਂ ਇਹ ਸਾਖੀ ਸੱਚੀ ਨਹੀਂ ਲੱਗਦੀ ।ਇੱਕ ਪਾਸੇ ਸੰਮਨ ਮੂਸਨ ਨੂੰ ਗੁਰੂ ਘਰ ਦੇ ਸਿਦਕੀ ਸਿੱਖ ਕਹਿਣਾ ਅਤੇ ਦੂਜੇ ਪਾਸੇ ਚੋਰੀ ਕਰਵਾਉਣੀ ਠੀਕ ਨਹੀਂ ।ਗੁਰੂ ਅਰਜਨ ਦੇਵ ਜੀ ਵੱਲੋਂ ਵੀ ਮੋਏ ਨੂੰ ਜਿਊਂਦਾ ਕਰਨ ਵਾਲੀ ਕਰਾਮਾਤ ਗੁਰਮਤਿ ਦੀ ਕਸਵੱਟੀ ਤੇ ਠੀਕ ਨਹੀਂ ਉੱਤਰਦੀ ।ਅੱਗੇ ਚੱਲ ਕੇ ਸੰਮਨ ਅਤੇ ਮੂਸਨ ਦੇ ਹੋਰ ਅਰਥਾਂ ਤੇ ਵੀ ਵਿਚਾਰ ਕਰਦੇ ਹਾਂ।

• **ਜਮਾਲ ਪਤੰਗ :-** ਪਤੰਗ ਗੁਰੂ ਅਰਜਨ ਦੇਵ ਜੀ ਦਾ ਸਿਦਕੀ ਅਤੇ ਈਮਾਨਦਾਰ ਸਿੱਖ ਸੀ। ਕਿੱਤੇ ਵਜੋਂ ਉਹ ਸ਼ਾਹੂਕਾਰ ਸੀ, ਜੋ ਆਪਣੀ ਇਮਾਨਦਾਰੀ ਕਰਕੇ ਪੂਰਾ ਪ੍ਰਸਿੱਧ ਸੀ। ਇੱਕ ਵਾਰੀ ਜਮਾਲ ਖਾਂ ਆਪਣੀਆਂ 200 ਸੋਨੇ ਦੀਆਂ ਮੋਹਰਾਂ ਦੀ ਥੈਲੀ ਪਤੰਗ ਜੀ ਕੋਲ ਅਮਾਨਤ ਰੱਖਣ ਆਏ। ਦੁਕਾਨ ਵਿੱਚ ਭੀੜ ਕਾਫੀ ਜਿਆਦਾ ਸੀ। ਪਤੰਗ ਜੀ ਨੇ ਥੈਲੀ ਫੜ ਲਈ, ਮੋਹਰਾਂ ਇੱਕ ਕੁੱਜੀ ਵਿੱਚ ਪਾ ਕੇ ਰੱਖ ਦਿੱਤੀਆਂ ਪਰ ਵਹੀ ਤੇ ਇੰਦਰਾਜ ਕਰਨਾ ਭੁੱਲ ਗਏ। ਈਮਾਨਦਾਰੀ ਵਿੱਚ ਪ੍ਰਸਿੱਧ ਹੋਣ ਕਰਕੇ ਭਾਈ ਜਮਾਲ ਨੇ ਵੀ ਸੋਚਿਆ ਕਿ ਲਿਖ ਲੈਣਗੇ ਆਪ ਹੀ ਬਾਅਦ ਵਿੱਚ ਤੇ ਉਹ ਚੱਲੇ ਗਏ। ਕੋਈ 6 ਕੁ ਮਹੀਨਿਆਂ ਬਾਅਦ ਜਮਾਲ ਖਾਂ ਨੇ ਆ ਕੇ ਆਪਣੀ ਅਮਾਨਤ ਮੰਗੀ। ਭਾਈ ਪਤੰਗ ਜੀ ਨੇ 2-3 ਵਾਰ ਵਹੀ ਦੇਖੀ। ਨਾਂ ਨਾ ਹੋਣ ਕਾਰਨ ਉਹਨਾਂ ਕਿਹਾ ਕਿ ਉਹ ਕਿਸੇ ਹੋਰ ਸ਼ਾਹੂਕਾਰ ਕੋਲ ਰੱਖ ਗਏ ਹੋਣਗੇ। ਜਮਾਲ ਨੇ ਜੋਰ ਦੇ ਕੇ ਕਿਹਾ ਕਿ ਉਹ ਅਮਾਨਤ ਪਤੰਗ ਜੀ ਨੂੰ ਹੀ ਦੇ ਕੇ ਗਏ ਨੇ। ਜਮਾਲ ਨੇ ਸਮੇਂ ਦੇ ਹੁਕਮਰਾਨ ਮੁਹੰਮਦ ਰਫੀ ਸਈਯਦ ਕੋਲ ਫਰਿਆਦ ਕੀਤੀ। ਉਹ ਵੀ ਭਾਈ ਪਤੰਗ ਜੀ ਦੀ ਈਮਾਨਦਾਰੀ ਤੋਂ ਜਾਣੂ ਸੀ। ਫਿਰ ਵੀ ਉਸਨੇ ਵੀ ਭਾਈ ਸਾਹਿਬ ਨੂੰ ਬੇਨਤੀ ਕੀਤੀ। ਪਰ ਭਾਈ ਪਤੰਗ ਜੀ ਨੂੰ ਬਿਲਕੁਲ ਵੀ ਯਾਦ ਨਹੀਂ ਸੀ ਅਤੇ ਵਹੀ ਵਿੱਚ ਲਿਖਿਆ ਵੀ ਨਹੀ ਸੀ ਹੋਇਆ। ਰਫੀ ਮੁਹੰਮਦ ਨੇ ਅੱਲਾ ਤੇ ਭਰੋਸਾ ਰੱਖ ਕੇ ਨਿਆਂ ਨੂੰ ਅੱਲ੍ਹਾ ਤੇ ਹੀ ਸੁੱਟਦੇ ਹੋਏ ਦੋਵਾਂ ਨੂੰ ਬੁਲਾ ਲਿਆ ਅਤੇ ਗਰਮ ਤੇਲ ਵਿੱਚ ਹੱਥ ਪਾਉਣ ਲਈ ਕਿਹਾ। ਪਤੰਗ ਜੀ ਨੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਅਤੇ ਹੱਥ ਪਾ ਦਿੱਤਾ। ਉਹਨਾਂ ਦਾ ਹੱਥ ਬਿਲਕੁਲ ਨਹੀਂ ਸੜਿਆ। ਜਦੋਂ ਜਮਾਲ ਖਾਂ ਨੇ ਗਰਮ ਤੇਲ ਵਿੱਚ ਹੱਥ ਪਾਇਆ, ਤਾਂ ਉਸ ਦਾ ਹੱਥ ਸੜ ਗਿਆ।ਮੌਜੂਦ ਵੈਦਾਂ ਨੇ ਉਹਨਾਂ ਦੇ ਹੱਥ ਦਾ ਇਲਾਜ ਕਰ ਦਿੱਤਾ। ਪਤੰਗ ਜੀ ਸੋਚਿਆ ਕਿ ਕੋਈ ਸੱਚਾ ਆਦਮੀ ਹੀ ਇੰਨੇ ਭਰੋਸੇ ਨਾਲ ਤਪਦੇ ਤੇਲ ਵਿੱਚ ਹੱਥ ਪਾਉਣ ਲਈ ਸਹਿਮਤ ਹੋ ਸਕਦਾ ਏ। ਉਹਨਾਂ ਨੇ ਘਰ ਆ ਕੇ ਇਕੱਲਾ ਇਕੱਲਾ ਸਮਾਨ ਬਾਹਰ ਕੱਢ ਕੇ ਦੁਬਾਰਾ ਚੈਕ ਕਰਨਾ ਸ਼ੁਰੂ ਕਰ ਦਿੱਤਾ, ਤਾਂ ਓਹਨਾਂ ਨੂੰ ਕੁੱਜੀ ਵਿੱਚ ਰੱਖੀ ਹੋਈ ਮੋਹਰਾਂ ਵਾਲੀ ਥੈਲੀ ਮਿਲ ਗਈ। ਉਹ ਉਸੇ ਵੇਲੇ ਦੌੜੇ ਦੌੜੇ ਗਏ ਅਤੇ ਜਮਾਲ ਖਾਂ ਤੋਂ ਮੁਆਫੀ ਮੰਗਦੇ ਹੋਏ ਉਸ ਨੂੰ ਥੈਲੀ ਵਾਪਸ ਕੀਤੀ। ਜਮਾਲ ਹੈਰਾਨ ਹੋਇਆ ਕਿ ਪਤੰਗ ਦੇ ਗੁਰੂ ਨੇ ਉਸ ਦੀ ਰੱਖਿਆ ਕੀਤੀ ਹੈ। ਭਾਈ ਪਤੰਗ ਜੀ ਤੋਂ ਉਹਨਾਂ ਦੇ ਗੁਰੂ ਬਾਬਤ ਪੁੱਛਿਆ ਅਤੇ ਭਾਈ ਪਤੰਗ ਜੀ ਦੇ ਨਾਲ ਉਹ ਵੀ ਗੁਰੂ ਅਰਜਨ ਜੀ ਦੇ ਦਰਬਾਰ ਵਿੱਚ ਆਇਆ ਗੁਰੂ ਜੀ ਦਾ ਸਿੱਖ ਬਣਿਆ। ਇੱਕ ਦਿਨ ਜਮਾਲ ਨੇ ਗੁਰੂ ਜੀ ਤੋਂ ਪੁੱਛਿਆ ਕਿ ਉਸ ਦਾ ਸੱਚੇ ਹੁੰਦੇ ਹੋਏ ਵੀ ਹੱਥ ਕਿਉਂ ਸੜਿਆ ਸੀ, ਗੁਰੂ ਅਰਜਨ ਜੀ ਨੇ ਕਿਹਾ ਕਿ ਉਸਦਾ ਨਿਸ਼ਚਾ ਕਿਸੇ ਇੱਕ ਤੇ ਨਹੀ ਸੀ।ਭਾਈ ਪਤੰਗ ਜੀ ਨੇ ਜਾਣ-ਬੁੱਝ ਕੇ ਥੈਲੀ ਨਹੀਂ ਸੀ ਲੁਕੋਈ, ਇਸ ਲਈ ਉਸਦੀ ਰੱਖਿਆ ਹੋਈ ਹੈ। ਪਰ ਤੂੰ ਕਿਸੇ ਇੱਕ ਇਸ਼ਟ ਤੇ ਭਰੋਸਾ ਨਾ ਰੱਖਿਆ ਜਿਸ ਕਾਰਨ ਕੋਈ ਵੀ ਤੇਰੀ ਰਾਖੀ ਲਈ ਨਹੀਂ ਆ ਸਕਿਆ। ਇੱਕ ਇਸ਼ਟ ਰੱਖਣ ਨਾਲ ਉਹ ਹੀ ਤੁਹਾਡੀ ਮੱਦਦ ਵੀ ਕਰਦਾ ਏ।

**ਚਉਬੋਲੇ ਬਾਣੀ ਦੇ ਅਰਥ ਭਾਵ :-** ਹੁਣ ਅਸੀਂ 11 ਬੰਦਾਂ ਵਾਲੀ ਇਸ ਬਾਣੀ ਨੂੰ ਵਿਚਾਰਦੇ ਹਾਂ। ਇਹ ਅਰਥ ਪ੍ਰੋ.ਸਾਹਿਬ ਸਿੰਘ ਜੀ ਵਾਲੇ ਲਏ ਜਾ ਰਹੇ ਹਨ।

1. ਸੰਮਨ ਜਉ ਇਸੁ ਪ੍ਰੇਮ ਕੀ ਦਮ੍ਹ ਕਿਹ੍ਹ ਹੋਤੀ ਸਾਟ॥
   ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥1॥

ਹੇ ਦਾਨੀ ਮਨੁੱਖ, ਜੇ ਪਰਮਾਤਮਾ ਦਾ ਪ੍ਰੇਮ ਮਾਇਆ ਨਾਲ ਮਿਲ ਸਕਦਾ ਹੁੰਦਾ ਤਾਂ ਰਾਵਨ ਕੋਈ ਕੰਗਾਲ ਨਹੀਂ ਸੀ, ਜਿਸ ਨੇ 11 ਵਾਰੀ ਆਪਣਾ ਸੀਸ ਭੇਟ ਕੀਤਾ ਸੀ। ਭਾਵ ਇਹ ਕਿ ਪ੍ਰਭੂ ਦੇ ਪ੍ਰੇਮ ਨੂੰ ਮਾਇਆ ਦੇ ਵੱਡੇ ਵੱਡੇ ਅੰਬਾਰ ਵੀ ਨਹੀ ਖਰੀਦ ਸਕਦੇ ।

ਜੈਤਸਰੀ ਰਾਗ ਵਿੱਚ ਵੀ ਗੁਰੂ ਅਰਜਨ ਦੇਵ ਜੀ ਇਹੀ ਭਾਵ ਇੰਝ ਵਿਅਕਤ ਕਰਦੇ ਹਨ-

ਪ੍ਰੇਮ ਠਗਉਰੀ ਜਿਨ ਕਉ ਪਾਈ,ਤਿਨ ਰਸੁ ਪੀਅਉ ਭਾਰੀ।

ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮਾਰੀ।......................( ਪੰਨਾ 702 , ਜੈਤਸਰੀ ਮਹਲਾ 5,)

ਭਾਵ ਕਿ ਜਿਹਨਾਂ ਨੇ ਵੀ ਪ੍ਰਭੂ ਦਾ ਪ੍ਰੇਮ ਪ੍ਰਾਪਤ ਕੀਤਾ ਹੈ, ਉਸ ਦ ਕੀਮਤ ਦੱਸੀ ਨਹੀਂ ਜਾ ਸਕਦੀ।

2. ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥

ਚਰਨ ਕਮਲ ਮਨੁ ਬੇਧਿਆ ਬੂਝਨੁ ਸੁਰਤਿ ਸੰਜੋਗ॥2॥

ਜਿਸ ਮਨੁੱਖ ਦਾ ਹਿਰਦਾ ਆਪਣੇ ਪ੍ਰਭੂ ਦੇ ਪ੍ਰੇਮ ਵਿੱਚ ਮਗਨ ਹੋਇਆ ਰਹਿੰਦਾ ਹੈ, ਉਸ ਅੰਦਰ ਆਪਣੇ ਪ੍ਰੀਤਮ ਨਾਲੋਂ ਰਾਈ ਮਾਤਰ ਵੀ ਵਿੱਥ ਨਹੀਂ ਰਹਿੰਦੀ। ਜਿਵੇਂ ਭੌਰਾ ਕੌਲ-ਫੁੱਲ ਵਿੱਚ ਵਿੱਝ ਜਾਂਦਾ ਹੈ ਉਹ ਮਨੁੱਖ ਵੀ ਆਪਣੇ ਪ੍ਰਭੂ ਦੇ ਪਿਆਰ ਵਿੱਚ ਵਿੱਝ ਜਾਂਦਾ ਹੈ ਅਤੇ 'ਉਸ ਦੀ ਸਮਝਣ ਵਾਲੀ ਮਾਨਸਕ ਤਾਕਤ' ਲਗਨ ਵਿੱਚ ਹੀ ਲੀਨ ਹੋਈ ਰਹਿੰਦੀ ਹੈ ।

ਪਰੇਮ ਦਾ ਉਹ ਰੂਪ ਜਿਸ ਵਿੱਚ ਆਪਾ ਪਿਆਰੇ ਵਿੱਚ ਹੀ ਖੋ ਜਾਵੇ, ਬਹੁਤ ਵਿਲੱਖਣ ਹੈ । ਜਿੱਥੇ "ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ"ਵਾਲੀ ਅਵਸਥਾ ਬਣ ਜਾਂਦੀ ਹੈ। ਇਹ ਓਹੀ ਅਵਸਥਾ ਹੈ ਜਿਸ ਵਿੱਚ ਮਿਲਾਪ ਸਮੇਂ ਗਲ ਵਿੱਚ ਪਾਇਆ ਹੋਇਆ ਹਾਰ ਵੀ ਪ੍ਰੀਤਮ ਦੀ ਨੇੜਤਾ ਵਿੱਚ ਰੁਕਾਵਟ ਜਾਪਦਾ ਹੈ।

ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ ॥

ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ ॥.................................(ਪੰਨਾ 1095, ਮ: 5)

3. ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ॥

ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥3॥

ਸਮੁੰਦਰ, ਪਰਬਤ, ਜੰਗਲ ਸਾਰੀ ਧਰਤੀ ਆਦਿ ਦਾ ਭ੍ਰਮਣ ਕਰਨ ਵਿੱਚ ਆਤਮਕ ਜੀਵਨ ਲੁਟਾ ਰਹੇ ਹੇ ਮਨੁੱਖ ! ਪ੍ਰੀਤਮ-ਪ੍ਰਭੂ ਦੇ ਪ੍ਰੇਮ ਦੇ ਰਸਤੇ ਵਿਚ ਮੈਂ ਤਾਂ ਇਸ ਨੂੰ ਸਿਰਫ ਇੱਕ ਕਦਮ ਦੇ ਬਰਾਬਰ ਸਮਝਦਾ ਹਾਂ ।

4. ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ ॥

ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥4॥

ਹੇ ਆਤਮਕ ਜੀਵਨ ਲੁਟਾ ਰਹੇ ਮਨੁੱਖ ! ਜਿਹਨਾਂ ਮਨੁੱਖਾਂ ਦੇ ਹਿਰਦੇ-ਆਕਾਸ਼ ਨੂੰ ਪ੍ਰਭੂ-ਪ੍ਰੇਮ ਦੀ ਚਾਨਣੀ ਰੋਸ਼ਨ ਕਰ ਰਹੀ ਹੁੰਦੀ ਹੈ, ਉਹ 'ਭੌਰੇ ਦੇ ਕੌਲ-ਫੁੱਲ ਵਿਚ ਵਿੱਝੇ ਹੋਏ ਵਾਂਗ' ਪ੍ਰਭੂ ਦੇ ਚਰਨਾਂ ਵਿਚ ਹੀ ਲਪਟ ਰਹੇ ਹੁੰਦੇ ਹਨ।

5. ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥

ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ॥5॥

ਮੰਤ੍ਰਾਂ ਦੇ ਜਾਪ, ਧੂਣੀਆਂ ਤਪਾਣੀਆਂ, ਇੰਦ੍ਰਿਆਂ ਨੂੰ ਵਸ ਕਰਨ ਲਈ ਕੀਤੇ ਜਤਨ, ਇਹਨਾਂ ਸਾਧਨਾਂ ਤੋਂ ਮਿਲੀ ਖੁਸ਼ੀ, ਇੱਜਤ, ਵਡਿਆਈ, ਸੁੱਖ ਅਤੇ ਅਹੰਕਾਰ ਵਿੱਚ ਹੀ ਆਤਮਕ ਜੀਵਨ ਨੂੰ ਲੁਟਾ ਰਹੇ ਮਨੁੱਖ ! ਮੈਂ ਤਾਂ ਅੱਖ ਝਮਕਣ ਜਿੰਨੇ ਸਮੇਂ ਲਈ ਮਿਲੇ ਪ੍ਰਭੂ-ਪਿਆਰ ਤੋਂ ਇਹਨਾਂ ਸਾਰੇ ਸਾਧਨਾਂ ਨੂੰ ਕੁਰਬਾਨ ਕਰਦਾ ਹਾਂ ।

ਗੁਰੂ ਰਾਮਦਾਸ ਜੀ ਵੀ ਇੱਕ ਥਾਂ ਆਖਦੇ ਹਨ ਕਿ ਮੇਰੇ ਲਈ ਪ੍ਰਭੂ ਨੂੰ ਪਿਆਰ ਕਰਨਾ ਹੀ ਜਪ ਤਪ ਬ੍ਰਤ ਪੂਜਾ ਹੈ । ਉਸ ਪ੍ਰੀਤ ਤੋਂ ਬਿਨਾਂ ਬਾਕੀ ਸਭ ਪ੍ਰੀਤ ਝੂਠੀ ਹੈ।

ਸੋ ਜਪੁ ਸੋ ਤਪੁ ਸਾ ਬਰਤ ਪੂਜਾ ਜਿਤੁ ਹਰ ਸਿਉ ਪ੍ਰੀਤਿ ਲਗਾਇ॥

ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥..................(ਪੰਨਾ 720, ਬੈਰਾੜੀ ਮਹਲਾ 4)

6. ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ ॥

ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ॥6॥

ਤੇਰੇ ਵਾਂਗ ਹੀ ਇਹ ਜਗਤ ਪ੍ਰੇਮ ਦਾ ਭੇਤ ਨਹੀਂ ਜਾਣਦਾ ਅਤੇ ਆਤਮਕ ਮੌਤੇ ਮਰ ਰਿਹਾ ਹੈ ,ਆਤਮਕ ਪੂੰਜੀ ਲੁਟਾ ਰਿਹਾ ਹੈ, ਪ੍ਰੀਤਮ-ਪ੍ਰਭੂ ਦੇ ਪਿਆਰ ਵਿੱਚ ਨਹੀਂ ਵਿੱਝਦਾ, ਨਾਸਵੰਤ ਪਦਾਰਥਾਂ ਦੇ ਵਿਹਾਰ-ਕਾਰ ਵਿੱਚ ਹੀ ਫਸਿਆ ਰਹਿੰਦਾ ਹੈ।

7. ਘਬੁ ਦਬੁ ਜਬੁ ਜਾਰੀਐ ਬਿਛਰਤੁ ਪ੍ਰੇਮ ਬਿਹਾਲ ॥

ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ॥7॥

ਆਪਣਾ ਘਰ, ਧਨ-ਪਦਾਰਥ ਆਦਿ ਸੜ ਜਾਣ ਤੇ ਉਸ ਤੋਂ ਵਿਛੜਿਆ ਮਨੁੱਖ ਉਸ ਦੇ ਮੋਹ ਕਾਰਨ ਬੜਾ ਦੁਖੀ ਹੁੰਦਾ ਹੈ ਅਤੇ ਲੁੱਟਿਆ ਹੋਇਆ ਮਹਿਸੂਸ ਕਰਦਾ ਹੈ। ਪਰ ਆਤਮਕ ਜੀਵਨ ਲੁਟਾ ਰਹੇ ਹੇ ਮਨੁੱਖ ! ਅਸਲ ਵਿੱਚ ਤਾਂ ਦਇਆਲ-ਪ੍ਰਭੂ ਨੂੰ ਵਿਸਰਨ ਨਾਲ ਹੀ ਲੁੱਟੇ ਜਾਈਦਾ ਹੈ ।

8. ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ॥

ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ॥8॥

ਜਿਹਨਾਂ ਮਨੁੱਖਾਂ ਦਾ ਜੀਵਨ-ਨਿਸਾਨਾ ਪ੍ਰਭੂ ਚਰਨਾਂ ਦੀ ਪ੍ਰੀਤ ਹੈ, ਜਿਹਨਾਂ ਦੇ ਮਨ ਵਿੱਚ ਪ੍ਰਭੂ ਦੀ ਯਾਦ ਟਿਕੀ ਰਹਿੰਦੀ ਹੈ, ਹੇ ਨਾਨਕ ! ਉਹ ਮਨੁੱਖ ਪਰਮਾਤਮਾ ਦੇ ਆਸ਼ਿਕ ਹਨ, ਉਹ ਹੋਰ ਕਿਸੇ ਕਰਮਕਾਂਡਾਂ ਵਾਲੇ ਪਾਸੇ ਨਹੀਂ ਜਾਂਦੇ।

ਹਰ ਉਹ ਕਰਮ-ਕਾਂਡ, ਹਰ ਰੀਤ ਜੋ ਪਿਆਰੇ ਦੇ ਪਿਆਰ ਤੋਨ ਦੂਰ ਕਰਦੀ ਹੈ, ਜਲ ਜਾਵੇ। ਗੁਰੂ ਰਾਮਦਾਸ ਜੀ ਕਥਨ ਕਰਦੇ ਹਨ-

ਜਾਲਉ ਐਸੀ ਰਿਤਿ ਜਿਤੁ ਮੇ ਪਿਆਰਾ ਵੀਸਰੈ ॥

ਨਾਨਕ ਸਾਈ ਭਲੀ ਪਰੀਤਿ ਜਿਤ ਸਾਹਿਬ ਸੇਤੀ ਪਤਿ ਰਹੈ ॥.............................(ਪੰਨਾ 590, ਮਹਲਾ 1)

9. ਲਖ ਘਾਟੀ ਊਂਚੌ ਘਨੋ ਚੰਚਲ ਚੀਤ ਬਿਹਾਲ ॥

ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥9॥

ਹੇ ਭਾਈ ! ਮਨੁੱਖ ਦਾ ਚੰਚਲ ਮਨ ਦੁਨਿਆਵੀ ਵਡੱਪਣ ਦੀਆਂ ਅਨੇਕਾਂ ਉੱਚੀਆਂ ਚੋਟੀਆਂ 'ਤੇ ਅੱਪੜਨ ਨੂੰ ਆਪਣਾ ਨਿਸ਼ਾਨਾ ਬਣਾਈ ਰੱਖਦਾ ਹੈ ਤੇ ਦੁਖੀ ਹੁੰਦਾ ਹੈ ਪਰ ਨੀਵੇਂ ਥਾਂ ਰਹਿਣ ਵਾਲੇ ਚਿੱਕੜ ਵਿੱਚ ਕੋਮਲ ਸੁੰਦਰਤਾ ਵਾਲਾ ਕੌਲ-ਫੁੱਲ ਖਿੜਦਾ ਹੈ।

10. ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ ॥

ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥10॥

ਹੇ ਆਤਮਕ ਜੀਵਨ ਲੁਟਾ ਰਹੇ ਮਨੁੱਖ ! ਜੇ ਤੂੰ ਪ੍ਰਭੂ-ਮਿਲਾਪ ਦੇ ਭੇਦ ਵਿੱਚ ਮਸਤ ਹੋਣਾ ਚਾਹੁੰਦਾ ਹੈਂ ਜੋ ਚੰਦ ਵਰਗੇ ਸੋਹਣੇ ਮੁੱਖ ਵਾਲਾ ਹੈ, ਅਤੇ ਸੋਹਣੇ ਚਿਤ ਵਾਲਾ ਹੈ ਜਿਸ ਦੇ ਕੌਲ-ਫੁੱਲਾਂ ਵਰਗੇ ਸੋਹਣੇ ਨੇਤ੍ਰ ਹਨ ਤਾਂ ਆਪਣੇ ਇਹਨਾਂ ਹਾਰਾਂ (ਯਾਨੀ ਨਵਖੰਡ ਬਸੁਧਾ ਭਰਮ ਅਤੇ ਜਪ ਤਪ ਸੰਜਮ ਦੇ ਵਿਖਾਵਿਆਂ) ਆਦਿ ਨੂੰ ਟੋਟੇ ਟੋਟੇ ਕਰ ਦੇ।

11. ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥

ਪ੍ਰਗਟ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ॥11॥

ਹੇ ਨਾਨਕ ! ਵਿਚਾਰਾ ਨੀਚ ਜਿਹਾ ਪਤੰਗਾ ਆਪਣੇ ਪਿਆਰੇ ਦੀਵੇ ਦੇ ਪਿਆਰ ਵਿੱਚ ਇਤਨਾ ਮਸਤ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਸਰੀਰ ਦੀ ਸੁੱਧ-ਬੁੱਧ ਨਹੀਂ ਰਹਿੰਦੀ ਜਿਸ ਸਦਕਾ ਉਹ ਦੀਵੇ ਦੀ ਲਾਟ ਤੇ ਸੜ ਮਰਦਾ ਹੈ।ਪਰ ਆਪਣੇ ਇਸ ਇਸ਼ਕ ਦਾ ਸਦਕਾ ਨੀਚ ਜਿਹਾ ਪਤੰਗਾ ਸਾਰੇ ਸੰਸਾਰ ਵਿੱਚ ਉੱਘਾ ਹੋ ਗਿਆ ਹੈ।

**ਸਮੁੱਚੀ ਬਾਣੀ ਤੇ ਕੁਝ ਵਿਚਾਰ :-** ਉੱਪਰ ਅਸੀਂ ਸਾਰੀ ਬਾਣੀ ਦੇ ਅਰਥ ਭਾਵ ਪੜ੍ਹੇ ਹਨ। ਕੁਝ ਨੁਕਤੇ ਜੋ ਸਾਹਮਣੇ ਆਏ ਹਨ, ਉਹ ਇਹ ਹਨ :-

- ਪਰਮਾਤਮਾ ਦਾ ਪਿਆਰ ਸਾਰੇ ਕਰਮ-ਕਾਂਡਾਂ, ਤੀਰਥ, ਜਪ, ਤਪ ਸੰਜਮ ਆਦਿ ਨਾਲੋਂ ਉੱਚਾ ਹੈ।
- ਇਸ ਪ੍ਰੀਤ ਨੂੰ ਮਾਇਆ ਨਾਲ ਨਹੀਂ ਖਰੀਦਿਆ ਜਾ ਸਕਦਾ।
- ਪ੍ਰਭੂ-ਚਰਨਾਂ ਦੇ ਪ੍ਰੇਮੀਆਂ ਨੂੰ ਨਿਮ੍ਰਤਾ ਵਾਲੇ ਜੀਵਨ ਵਿੱਚੋਂ ਹੀ ਆਤਮਕ ਆਨੰਦ ਮਿਲਦਾ ਹੈ।
- ਪ੍ਰਭੂ ਨੂੰ ਭੁਲਾ ਦੇਣ ਵਾਲਾ ਆਤਮਕ ਪੂੰਜੀ ਲੁਟਾ ਬੈਠਦਾ ਹੈ।
- ਪ੍ਰਭੂ ਚਰਨਾਂ ਦਾ ਪ੍ਰੇਮ ਆਪਾ ਕੁਰਬਾਨ ਕੀਤਿਆਂ ਹੀ ਮਿਲਦਾ ਹੈ।

ਇਸ ਵਿੱਚ ਦੋ ਰਾਵਾਂ ਨਹੀਂ ਕਿ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸੰਮਨ, ਮੂਸਨ, ਜਮਾਲ ਅਤੇ ਪਤੰਗ ਸਿੱਖ ਹੋਏ ਹਨ, ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਗਿਆਰਵੀਂ ਵਾਰ ਵਿੱਚ ਵੱਖ ਵੱਖ ਗੁਰੂ ਸਾਹਿਬ ਜੀ ਦੇ ਗੁਰਸਿੱਖਾਂ ਦੇ ਨਾਮ ਲਿਖੇ ਹਨ। ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਨਾਮ ਲਿਖਦਿਆਂ ਉੱਪਰ ਵਰਣਨ ਕੀਤੇ ਚਾਰ ਸਿੱਖਾਂ ਵਿੱਚੋਂ ਸਿਰਫ ਦੋ ਦਾ ਹੀ ਵਰਣਨ ਮਿਲਦਾ ਹੈ :-

ਸੰਮਣ ਹੈ ਸਾਹਬਾਜ ਪੁਰਿ ਪੁਰਿ ਗੁਰਸਿਖਾਂ ਦੀ ਸਾਰ ਲਹੰਦਾ।................ ..... ... (ਭਾਈ ਗੁਰਦਾਸ, ਵਾਰ 11, ਪਉੜੀ 22)

ਅਤੇ

ਮੀਆਂ ਜਮਾਲੁ ਨਿਹਾਲੁ ਹੈ ਭਗਤੂ ਭਗਤ ਕਮਾਵੈ ਕਾਰਾ ..................... (ਭਾਈ ਗੁਰਦਾਸ, ਵਾਰ, 11 ਪਉੜੀ 28)

ਪਰ ਉੱਪਰ ਅਸੀਂ ਬਾਣੀ ਦੇ ਅਰਥ ਵਿਚਾਰੇ ਹਨ, ਜਿਹੜੇ ਕਿ ਪ੍ਰੋ. ਸਾਹਿਬ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਅਰਥਾਂ ਵਾਲੇ ਹਨ, ਉਸ ਤੋਂ ਸਪਸ਼ਟ ਹੈ ਕਿ ਇਹ ਸ਼ਬਦ ਕਿਸੇ ਵਿਅਕਤੀ ਲਈ ਨਾ ਹੋ ਕੇ ਆਪਣੇ ਵੱਖਰੇ ਭਾਵਾਂ ਵਿੱਚ ਆਏ ਹਨ। ਭਾਵੇਂ ਕੁਦਰਤੀ ਹੀ ਇਹਨਾਂ ਨਾਵਾਂ ਦੇ ਸਿੱਖ ਹੋਣ ਕਰਕੇ ਇਹ ਭੁਲੇਖਾ ਬਣ ਗਿਆ ਕਿ ਸ਼ਾਇਦ ਗੁਰੂ ਜੀ ਨੇ ਇਸ ਬਾਣੀ ਵਿਚ ਇਹਨਾਂ ਸਿਖਾਂ ਨੂੰ ਹੀ ਸੰਬੋਧਿਤ ਕੀਤਾ ਹੈ। ਇਹਨਾਂ ਸ਼ਬਦਾਂ ਦੇ ਹੇਠ ਲਿਖੇ ਅਰਥ ਜੋ ਪ੍ਰੋ. ਸਾਹਿਬ ਸਿੰਘ ਜੀ ਨੇ ਲਿਖੇ ਹਨ, ਇਹ ਹੀ ਵਧੇਰੇ ਪ੍ਰਮਾਣਿਤ ਅਤੇ ਮੰਨਣਯੋਗ ਹਨ। ਇਹਨਾਂ ਸ਼ਬਦਾਂ ਦੇ ਅਰਥ ਇਹ ਹਨ:-

1. ਸੰਮਨ:– ਹੇ ਸੰਮਨ, ਹੇ ਮਨ ਵਾਲੇ ਬੰਦੇ, ਹੇ ਦਿਲ ਵਾਲੇ ਬੰਦੇ, ਹੇ ਦਿਲ ਖੋਹਲ ਕੇ ਦਾਨ ਕਰਨ ਵਾਲੇ ਬੰਦੇ ,ਹੇ ਦਾਨੀ ਮਨੁੱਖ।

2. ਮੂਸਨ:- ਮੁਸ਼ ਚੁਰਾਉਣਾ, ਲੁੱਟਣਾ, ਹੇ ਲੁੱਟੇ ਜਾ ਰਹੇ ਮਨੁੱਖ, ਆਤਮਕ ਸਰਮਾਇਆ ਲੁਟਾ ਰਹੇ ਮਨੁੱਖ।

ਗੁਰਬਾਣੀ ਵਿਚ ਕਈ ਹੋਰ ਥਾਵਾਂ ਤੇ ਵੀ ਮੂਸਨ ਨੂੰ ਚੋਰੀ ਦੇ ਅਰਥਾਂ ਵਿਚ ਵਰਤਿਆ ਗਿਆ ਹੈ-

- "ਮੁਸਨਹਾਰ ਪੰਚ ਬਟਵਾਰੇ ॥
  ਸੂਨੇ ਨਗਰਿ ਪਰੇ ਠਗਵਾਰੇ ॥............ (ਪੰਨਾ 182, ਗਉੜੀ ਗੁਓਾਰੇਰੀ ਮਹਲਾ 5)
- "ਸਭ ਮਦ ਮਾਤੇ ਕੋਊ ਨ ਜਾਗ ॥
  ਸੰਗ ਹੀ ਚੋਰ ਘਰੁ ਮੁਸਨ ਲਾਗ ॥"............(ਪੰਨਾ 1193, ਬਸੰਤ ਬਾਣੀ ਭਗਤਾਂ ਕੀ, ਕਬੀਰ ਜੀ)
- "ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥"............ (ਪੰਨਾ 465,, ਸਲੋਕ ਮਹਲਾ 1 )
- "ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥".................. (ਪੰਨਾ 1752,ਸੂਹੀ ਮਹਲਾ 1)
- "ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥
  ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥................(ਪੰਨਾ 1364,ਸਲੋਕ ਭਗਤ ਕਬੀਰ ਜੀਉ ਕੇ)

3. ਜਮਾਲ :- ਸੁੰਦਰਤਾ, ਖੂਬੀ ਗੁਣ,
4. ਪਤੰਗ :- ਪੰਛੀ,ਭਮੱਕੜ,ਪਰਵਾਨਾ,ਉੱਡਦਾ ਹੋਇਆ ਜਾਂ ਉੱਡਣ ਵਾਲਾ।

ਪਤੰਗ ਦੇ ਪਰਵਾਨੇ ਵਾਲੇ ਅਰਥ ਵੀ ਗੁਰਬਾਣੀ ਵਿੱਚ ਕਈ ਹੋਰ ਥਾਵਾਂ ਤੇ ਵੀ ਮਿਲ ਜਾਂਦੇ ਹਨ। ਕੁਝ ਉਦਾਹਰਣਾਂ :-

- "ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥
  ਮਿਰਗੁ ਮਰੈ ਸਹਿ ਅਪੁਨਾ ਕੀਨਾ ॥".................(ਪੰਨਾ 225, ਗਉੜੀ ਮਹਲਾ 1)
- "ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
  ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥"................(ਪੰਨਾ 486, ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ)
- "ਜਿਉ ਦੀਪ ਪਤਨ ਪਤੰਗ ॥
  ਜਿਉ ਚੋਰੁ ਹਿਰਤ ਨਿਸੰਗ ॥"...............(ਪੰਨਾ 838, ਬਿਲਾਵਲੁ ਮਹਲਾ 5)

**ਅੰਤਿਕਾ :-** ਇਸ ਤਰਾਂ ਅਸੀਂ ਦੇਖਦੇ ਹਾਂ ਕਿ ਸੰਮਨ, ਮੂਸਨ, ਜਮਾਲ ਅਤੇ ਪਤੰਗ ਭਾਵੇਂ ਗੁਰੂ ਸਾਹਿਬ ਜੀ ਦੇ ਸਿੱਖ ਸਨ। ਪਰ ਚਉਬੋਲੇ ਬਾਣੀ ਵਿਚ ਵਰਤੇ ਇਹਨਾਂ ਸ਼ਬਦਾਂ ਨੂੰ ਉਹਨਾਂ ਸਿਖਾਂ ਨਾਲ ਜੋੜਨਾ ਢੁਕਵਾ ਨਹੀਂ ਹੈ। (ਸੰਮਨ-ਮੂਸਨ ਦੀ ਗੁਰੂ ਜੀ ਦੀ ਸੇਵਾ ਕਰਨ ਵਾਲੀ ਸਾਖੀ ਸਾਡੇ "ਦੇਹਧਾਰੀ ਬਾਬਿਆਂ" ਨੂੰ ਬਹੁਤ ਰਾਸ ਆਉਂਦੀ ਹੈ, ਉਹ ਇਹ ਸਾਖੀ ਸੁਣਾ ਕੇ ਅਸਿੱਧੇ ਢੰਗ ਨਾਲ ਆਪਣੇ ਸ਼ਰਧਾਲੂਆਂ ਤੋਂ ਆਪਣੀ ਸੇਵਾ ਕਰਵਾਉਣੀ ਯਕੀਨੀ ਬਣਾਉਂਦੇ ਹਨ।) ਇਹ ਬਾਣੀ ਰੂਪਕ ਪੱਖ ਤੋਂ ਦੋਹਾ ਕਾਵਿ-ਰੂਪ ਵਿਚ ਹੈ ਅਤੇ ਵਿਸ਼ੇ ਪੱਖ ਤੋਂ ਪ੍ਰੇਮ ਦੀ ਜਿੰਨੀ ਤੀਬਰਤਾ ਇਸ ਵਿਚ ਬਿਆਨ ਕੀਤੀ ਹੈ, ਉਹ ਬਹੁਤ ਹੀ ਵਿਸਮਾਦੀ ਹੈ। ਇੱਕ ਭੌਰੇ ਦਾ ਪ੍ਰੇਮ ਵਸ ਫੁੱਲ ਵਿੱਚ ਹੀ ਸਮਾ ਜਾਣਾ, ਇੱਕ ਪਰਵਾਨੇ ਦਾ ਪ੍ਰੇਮ ਖਾਤਰ ਸ਼ਮਾ ਤੋਂ ਕੁਰਬਾਨ ਹੋ ਜਾਣਾ, ਪ੍ਰੇਮ ਦੀ ਤੀਬਰਤਾ ਨੂੰ ਬਿਆਨ ਕਰਦੇ ਹਨ। ਨਿਮਰਤਾ ਲਈ ਚਿੱਕੜ ਦੀ ਉਦਾਹਰਣ ਵਰਤੀ ਗਈ ਹੈ, ਜਿਸ ਵਿੱਚੋਂ ਕਮਲ ਦਾ ਸੋਹਣਾ ਫੁੱਲ ਖਿੜਦਾ ਹੈ। ਆਪਣੇ ਪ੍ਰੀਤਮ ਦੇ ਪਿਆਰ ਦੇ ਮੁਕਾਬਲੇ ਤੇ ਸਾਰੇ ਜਪ. ਤਪ, ਤੀਰਥ, ਦੂਰ ਦੁਰਾਡੇ ਦੇ ਭ੍ਰਮਣ, ਸ਼ੋਭਾ ,ਵਡਿਆਈ ਸਾਰਾ ਕੁਝ ਬਹੁਤ ਹੀ ਮਾਮੂਲੀ ਪ੍ਰਤੀਤ ਹੁੰਦਾ ਹੈ।ਇਸ ਭਾਵਨਾ ਨਾਲ ਪ੍ਰੇਮ ਕੀਤਿਆਂ ਪ੍ਰਭੂ ਸਹਿਜੇ ਹੀ ਮਿਲ ਜਾਂਦਾ ਹੈ। ਜਗਿਆਸੂ ਮਨ ਨੂੰ ਹੋਰ ਸਾਰੇ ਕਰਮ-ਕਾਂਡਾ ਨੂੰ ਛੱਡ ਕੇ ਸਿਰਫ ਹਿਰਦੇ ਵਿਚ ਆਪਣੇ ਪ੍ਰਭੂ ਦੀ ਪ੍ਰੀਤ ਵਸਾ ਲੈਣ ਅਤੇ ਉਸ ਤੋਂ ਪਰਵਾਨੇ ਵਾਂਗ ਆਪਣਾ ਆਪ ਕੁਰਬਾਨ ਕਰ ਦੇਣ ਦੀ ਪ੍ਰੇਰਨਾ ਦੇਣਾ ਇਸ ਬਾਣੀ ਦਾ ਮੁੱਖ ਮਕਸਦ ਹੈ।

**ਸੰਦਰਭ ਸੂਚੀ :-**


1. ਪਦਮ, ਪਿਆਰਾ ਸਿੰਘ (ਸੰਪਾ.) (1969), ਗੁਰੂ ਗ੍ਰੰਥ ਵਿਚਾਰ ਕੋਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ , ਪਟਿਆਲਾ।
2. ਜੱਗੀ, ਰਤਨ ਸਿੰਘ (ਡਾ.), ਸਿੱਖ ਪੰਥ ਵਿਸ਼ਵ ਕੋਸ਼, ਗੁਰਰਤਨ ਪਬਲੀਕੇਸ਼ਨ , ਪਟਿਆਲਾ।
3. ਨਾਭਾ, ਭਾਈ ਕਾਹਨ ਸਿੰਘ (1981), ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ ਪਟਿਆਲ਼ਾ।
4. ਸਾਹਿਬ ਸਿੰਘ (1974, 2005), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਦਸਵੀਂ), ਰਾਜ ਪਬਲਿਸ਼ਰਜ, ਪਟਿਆਲਾ।